# ਪੰਜਾਬ ਸਕੂਲ ਸਿੱਖਿਆ ਬੋਰਡ

## ਪ੍ਰੈਸ ਨੋਟ

**ਐੱਸ.ਏ.ਐੱਸ ਨਗਰ:** ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਸੋਸੀਏਟ ਸਕੂਲਾਂ ਵੱਜੋ ਅਦਾਰਿਆਂ ਦੀ ਸੂਚੀ ਦਾ ਐਲਾਨ 15 ਜੂਨ ਤੋ ਮਗਰੋ ਕੀਤਾ ਜਾਵੇਗਾ। ਬੋਰਡ ਦੇ ਵਾਈਸ ਚੇਅਰਮੈਨ/ਸਕੱਤਰ ਡਾ. ਸੁਰੇਸ਼ ਕੁਮਾਰ ਟੰਡਨ ਨੇ ਅੱਜ ਇਥੇ ਜਾਰੀ ਜਾਣਕਾਰੀ ਵਿੱਚ ਦੱਸਿਆ ਕਿ ਲਗਭਗ 35●● ਸੰਸਥਾਵਾਂ ਐਸੋਸੀਏਸ਼ਨ ਲੈਣ ਲਈ ਦਸਤਾਵੇਜ ਜਮਾ ਕਰਵਾ ਚੁਕੀਆਂ ਹਨ ਅਤੇ 3 ਜੂਨ ਤੱਕ ਇਸ ਸਬੰਧ ਵਿੱਚ ਹੋਰ ਦਸਤਾਵੇਜ ਪ੍ਰਾਪਤ ਕੀਤੇ ਜਾਣੇ ਹਨ।

ਡਾ. ਟੰਡਨ ਨੇ ਕਿਹਾ ਕਿ 3 ਜੂਨ ਤੋ ਬਾਅਦ ਦਸਤਾਵੇਜਾਂ ਦੀ ਜਾਚ ਕੀਤੀ ਜਾਵੇਗੀ ਅਤੇ ਐਸੋਸੀਏਟ ਕੀਤੇ ਜਾਣ ਵਾਲੇ ਯੋਗ ਅਦਾਰਿਆਂ ਦੀ ਆਰਜੀ ਸੂਚੀ 15 ਜੂਨ ਤੋ ਬਾਅਦ ਜਾਰੀ ਕਰ ਦਿੱਤੀ ਜਾਵੇਗੀ। ਉਨਾਂ ਕਿਹਾ ਕਿ ਐਸੋਸੀਏਟ ਸੰਸਥਾਵਾਂ ਵੱਜੋ ਰਜਿਸਟਰੇਸ਼ਨ ਰਿਟਰਨਾਂ ਅਤੇ ਪ੍ਰੀਖਿਆ ਫਾਰਮ ਬੋਰਡ ਨੂੰ ਭੇਜੇ ਜਾਣ ਦਾ ਸ਼ਡਿਉਲ 15 ਜੂਨ ਤੋ ਬਾਅਦ ਹੀ ਜਾਰੀ ਕੀਤਾ ਜਾਵੇਗਾ।

ਲੋਕ ਸੰਪਰਕ ਸ਼ਾਖਾ